**ਕੁਵੈਤ ਦੇ ਦੌਰੇ ਤੋਂ ਪਹਿਲਾਂ ਪ੍ਰਧਾਨ ਮੰਤਰੀ ਦਾ ਰਵਾਨਗੀ ਦਾ ਬਿਆਨ**

21 ਦਸੰਬਰ, 2024

ਅੱਜ, ਮੈਂ ਕੁਵੈਤ ਦੇ ਅਮੀਰ ਮਹਾਮਹਿਮ ਸ਼ੇਖ ਮੇਸ਼ਾਲ ਅਲ-ਅਹਿਮਦ ਅਲ-ਜਬਰ ਅਲ-ਸਬਾਹ ਦੇ ਸੱਦੇ 'ਤੇ ਕੁਵੈਤ ਦੇ ਦੋ ਦਿਨ ਦੇ ਦੌਰੇ 'ਤੇ ਜਾ ਰਿਹਾ ਹਾਂ।

ਅਸੀਂ ਕੁਵੈਤ ਦੇ ਨਾਲ ਪੀੜ੍ਹੀਆਂ ਤੋਂ ਚਲੇ ਆ ਰਹੇ ਇਤਿਹਾਸਿਕ ਸਬੰਧ ਨੂੰ ਗਹਿਰਾਈ ਤੋਂ ਮਹੱਤਵ ਦਿੰਦੇ ਹਾਂ। ਅਸੀਂ ਨਾ ਕੇਵਲ ਮਜ਼ਬੂਤ ਵਪਾਰ ਅਤੇ ਊਰਜਾ ਭਾਈਵਾਲ ਹਾਂ, ਬਲਕਿ ਪੱਛਮੀ ਏਸ਼ਿਆ ਖੇਤਰ ਵਿੱਚ ਸ਼ਾਂਤੀ, ਸੁਰੱਖਿਆ, ਸਥਿਰਤਾ ਅਤੇ ਸਮ੍ਰਿੱਧੀ ਵਿੱਚ ਵੀ ਸਾਡੇ ਸਾਂਝੇ ਹਿਤ ਹਨ।

ਮੈਂ ਮਹਾਮਹਿਮ ਅਮੀਰ, ਕ੍ਰਾਊਨ ਪ੍ਰਿੰਸ ਅਤੇ ਕੁਵੈਤ ਦੇ ਪ੍ਰਧਾਨ ਮੰਤਰੀ ਦੇ ਨਾਲ ਬੈਠਕਾਂ ਦੇ ਲਈ ਉਤਸੁਕ ਹਾਂ। ਇਹ ਸਾਡੇ ਲੋਕਾਂ ਅਤੇ ਖੇਤਰ ਦੇ ਲਾਭ ਲਈ ਭਵਿੱਖ ਦੀ ਭਾਈਵਾਲੀ ਦੇ ਲਈ ਰੂਪਰੇਖਾ ਤਿਆਰ ਕਰਨ ਦਾ ਮੌਕਾ ਹੋਵੇਗਾ।

ਮੈਂ ਬੜੀ ਉਤਸੁਕਤਾ ਨਾਲ ਕੁਵੈਤ ਵਿੱਚ ਭਾਰਤੀ ਪ੍ਰਵਾਸੀਆਂ ਨੂੰ ਮਿਲਣ ਦੀ ਉਡੀਕ ਕਰ ਰਿਹਾ ਹਾਂ ਜਿਨ੍ਹਾਂ ਨੇ ਦੋਹਾਂ ਦੇਸ਼ਾਂ ਦੇ ਵਿਚਕਾਰ ਦੋਸਤੀ ਦੇ ਬੰਧਨ ਨੂੰ ਮਜ਼ਬੂਤ ਕਰਨ ਵਿੱਚ ਬਹੁਤ ਯੋਗਦਾਨ ਦਿੱਤਾ ਹੈ।

ਮੈਂ ਖਾੜੀ ਖੇਤਰ ਦੇ ਪ੍ਰਮੁੱਖ ਖੇਡ ਸਮਾਰੋਹ, ਅਰੇਬੀਅਨ ਗਲਫ ਕੱਪ ਦੇ ਉਦਘਾਟਨ ਸਮਾਰੋਹ ਵਿੱਚ ਸੱਦਣ ਦੇ ਵਿਸ਼ੇਸ਼ ਭਾਵ ਦੇ ਲਈ ਕੁਵੈਤ ਦੀ ਲੀਡਰਸ਼ਿਪ ਦੇ ਪ੍ਰਤੀ ਆਭਾਰ ਵਿਅਕਤ ਕਰਦਾ ਹਾਂ। ਮੈਂ ਐਥਲੈਟਿਕ ਉਤਕ੍ਰਿਸ਼ਟਤਾ ਅਤੇ ਖੇਤਰੀ ਏਕਤਾ ਦੇ ਇਸ ਉਤਸਵ ਦਾ ਹਿੱਸਾ ਬਣਨ ਦੇ ਲਈ ਉਤਸੁਕ ਹਾਂ।

ਮੈਨੂੰ ਵਿਸ਼ਵਾਸ ਹੈ ਕਿ ਇਹ ਦੌਰਾ ਭਾਰਤ ਅਤੇ ਕੁਵੈਤ ਦੇ ਲੋਕਾਂ ਦੇ ਵਿਚਕਾਰ ਵਿਸ਼ੇਸ਼ ਸਬੰਧਾਂ ਅਤੇ ਦੋਸਤੀ ਦੇ ਬੰਧਨ ਨੂੰ ਹੋਰ ਮਜ਼ਬੂਤ ਕਰੇਗਾ।

ਨਵੀਂ ਦਿੱਲੀ

21 ਦਸੰਬਰ, 2024